Ph. 01652-228508

# ਉਪ ਅਰਥ ਅਤੇ ਅੰਕੜਾ ਸਲਾਹਕਾਰ

ਇਹ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਨੇੜੇ ਐਸ.ਡੀ.ਐਮ. ਦਫ਼ਤਰ ਮਾਨਸਾ ਦੇ ਬਿਲਕੁਲ ਨਜ਼ਦੀਕ ਸਥਿਤ ਹੈ। ਇਸ ਦਫ਼ਤਰ ਦੀ ਆਪਣੀ ਵੱਖਰੀ ਬਿੰਲਡਿੰਗ ਹੈ ਜੋ ਕਿ ਯੋਜਨਾ ਬੋਰਡ ਵੱਲੋਂ ਜਾਰੀ ਫੰਡਾਂ ਨਾਲ ਬਣਾਈ ਗਈ ਹੈ।

ਜ਼ਿਲ੍ਹਾ ਪੱਧਰ ਤੇ ਇਸ ਦਫ਼ਤਰ ਦਾ ਮੁੱਖੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਹੁੰਦਾ ਹੈ। ਇਸ ਤੋਂ ਬਿਨਾਂ ਇਸ ਦੇ ਨਾਲ ਇਸ ਦਫ਼ਤਰ ਵਿਖੇ ਇੱਕ ਖੋਜ ਅਫ਼ਸਰ ਅਤੇ ਜ਼ਿਲ੍ਹਾ ਅੰਕੜਾ ਅਫ਼ਸਰ ਦੀ ਵੀ ਅਸਾਮੀ ਹੁੰਦੀ ਹੈ। ਇਸ ਤੋਂ ਬਾਅਦ ਇਸ ਦਫ਼ਤਰ ਵਿਖੇ ਤਿੰਨ ਸਹਾਇਕ ਖੋਜ ਅਫ਼ਸਰ ਅਤੇ ਤਿੰਨ ਅੰਕੜਾ ਸਹਾਇਕ ਦੀਆਂ ਅਸਾਮੀਆਂ ਵੀ ਹੁੰਦੀਆਂ ਹਨ। ਜ਼ਿਲ੍ਹਾ ਮੁਕਾਮ ਦੇ ਹਰ ਬਲਾਕ ਪੱਧਰ ਤੇ ਇਸ ਵਿਭਾਗ ਦਾ ਇੱਕ-ਇੱਕ ਇਨਵੈਸਟੀਗੇਟਰ ਵੀ ਨਿਯੁਕਤ ਹੁੰਦਾ ਹੈ, ਜੋ ਬਲਾਕ ਪੱਧਰ ਤੇ ਪਿੰਡ ਵਾਰ ਅਤੇ ਹਰ ਤਰ੍ਹਾਂ ਦੇ ਲੋੜੀਂਦੇ ਅੰਕੜੇ ਇਕੱਠੇ ਕਰਨ ਅਤੇ ਸੰਕਲਨ ਕਰਨ ਦਾ ਕੰਮ ਕਰਦੇ ਹਨ। ਲੋੜ ਪੈਣ ਤੇ ਇਹ ਲੋਕਾਂ ਨੂੰ ਅਤੇ ਵਿਭਾਗਾਂ ਨੂੰ ਬਲਾਕ ਪੱਧਰ ਤੇ ਸੂਚਨਾ ਮੁਹੱਈਆ ਕਰਦੇ ਹਨ। ਇਹ ਇਨਵੈਸਟੀਗੇਟਰ ਪੇਂਡੂ ਜਾਂ ਸ਼ਹਿਰੀ ਸੂਚਨਾ ਵੀ ਹਰ ਪੱਖੋਂ ਇਕੱਤਰ ਕਰਦੇ ਹਨ।

ਇਸ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਤੇ ਵੀ ਸੈਕੰਡਰੀ ਡੈਟਾ ਇਕੱਤਰ ਕੀਤਾ ਜਾਂਦਾ ਹੈ। ਇਹ ਡੈਟਾ ਜ਼ਿਲ੍ਹੇ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਯੋਜਨਾਵਾਂ, ਸਕੀਮਾਂ ਤਿਆਰ ਕਰਨ, ਹਰੇਕ ਵਿਭਾਗ, ਆਮ ਲੋਕਾਂ ਅਤੇ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਸਿੱਖਿਆਰਥੀਆਂ ਲਈ ਬਹੁਤ ਸਹਾਈ ਹੁੰਦਾ ਹੈ। ਇਸ ਵਿਭਾਗ ਵੱਲੋਂ ਜ਼ਿਲ੍ਹਾ ਮਾਨਸਾ ਦੇ ਪਿੰਡਾਂ ਦੀ ਡਾਇਰੈਕਟਰੀ ਅਤੇ ਨਗਰ ਪਾਲਿਕਾ ਅੰਕੜਾ ਪੁਸਤਕ ਤਿਆਰ ਕੀਤੀ ਜਾਂਦੀ ਹੈ। ਇਸ ਤੋਂ ਬਿਨਾ ਇਸ ਦਫ਼ਤਰ ਵੱਲੋਂ ਡਿਸਟ੍ਰਿਕ ਐਟ. ਏ. ਗਲਾਂਸ, ਬਲਾਕ ਐਟ. ਏ. ਗਲਾਂਸ, ਬਲਾਕ ਵਾਈਜ਼ ਇੰਡੀਕੇਟਰਜ਼ ਕਰਮਚਾਰੀਆਂ ਦੀ ਗਣਨਾ, ਰਾਜ ਅੰਕੜਾ ਸਾਰ, ਪੂੰਜੀ ਨਿਰਮਾਣ, ਪਰਾਈਜ਼ ਇੰਡੈਕਸ, ਬਿਲਡਿੰਗ ਮੈਟੀਰੀਅਲ ਦੀਆਂ ਕੀਮਤਾਂ ਅਤੇ ਥੋਕ ਤੇ ਪ੍ਰਚੂਨ ਕੀਮਤਾਂ, ਤਹਿਸੀਲਦਾਰ ਸਿੰਚਾਈ ਦੇ ਅੰਕੜੇ ਸੰਬੰਧੀ ਵੱਖ-ਵੱਖ ਸੂਚਨਾਵਾਂ ਇਕੱਤਰ ਕਰਕੇ ਪੰਜਾਬ ਸਰਕਾਰ ਨੂੰ ਸਮੇਂ-ਸਮੇਂ ਸਿਰ ਭੇਜੀਆਂ ਜਾਂਦੀਆਂ ਹਨ। ਜਿੰਨ੍ਹਾਂ ਦੀ ਪੰਜਾਬ ਸਰਕਾਰ ਵੱਲੋਂ ਅਹਿਮ ਪ੍ਰਕਾਸ਼ਨਾ ਕੀਤੀ ਜਾਂਦੀ ਹੈ ਜੋ ਹਰ ਵਿਭਾਗ ਅਤੇ ਸਿਖਿਆਰਥੀਆਂ ਲਈ ਬਹੁਤ ਸਹਾਇਕ ਹੁੰਦੀ ਹੈ। ਇਸ ਤੋਂ ਬਿਨ੍ਹਾਂ ਆਰਥਿਕ ਗਣਨਾ ਦੇ ਕੰਮ ਵਿੱਚ ਇਸ ਵਿਭਾਗ ਦਾ ਅਹਿਮ ਰੋਲ ਹੁੰਦਾ ਹੈ।

ਇਸ ਤੋਂ ਬਿਨ੍ਹਾਂ ਇਸ ਵਿਭਾਗ ਵੱਲੋਂ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਮਾਨਸਾ ਨਾਲ ਸੰਬੰਧਤ ਸਾਰਾ ਕੰਮ ਕੀਤਾ ਜਾਂਦਾ ਹੈ। ਜੋ ਵੱਖ- ਵੱਖ ਵਿਭਾਗਾਂ ਦੀਆਂ ਸਕੀਮਾਂ ਦੇ ਫੰਡ ਜਾਰੀ ਕਰਦਾ ਹੈ ਅਤੇ ਬੰਧਨ ਮੁਕਤ (ਅਨਟਾਈਡ) ਫੰਡ ਆਉਣ ਤੇ ਚੇਅਰਮੈਨ, ਜ਼ਿਲ੍ਹਾ ਯੋਜਨਾ ਤੇ ਵਿਕਾਸ ਬੋਰਡ ਦੇ ਹੁਕਮਾਂ ਅਨੁਸਾਰ ਵਿਕਾਸ ਦੇ ਕੰਮਾਂ ਲਈ ਵੱਖ-ਵੱਖ ਸਕੀਮਾਂ ਹੇਠ ਜਾਰੀ ਕਰਦਾ ਹੈ।